# ਰਸੂਲਾਂ ਦੇ ਕੰਮ ਕਿਤਾਬ ਦਾ ਕਾਲਕ੍ਰਮ

ਕਲੀਸੀਆ ਦੇ ਮੁਢਲੇ ਦਿਨਾਂ ਦੀਆਂ ਘਟਨਾਂਵਾਂ ਦੀਆਂ ਮਿਤੀਆਂ ਬਾਰੇ, ਪੱਕਾ ਜਾਣਨ ਲਈ ਸਾਡੇ ਕੋਲ ਬੁਹਤ ਘੱਟ ਜਾਣਕਾਰੀ ਹੈ। ਇੱਥੋਂ ਤਕ ਕਿ ਰਸੂਲਾਂ ਦੇ ਕੰਮ ਦੇ ਪਹਿਲੇ ਭਾਗ ਨਾਲ ਸਬੰਧਿਤ ਰੂੜੀਵਾਦੀ ਵਿਦਵਾਨਾਂ ਦੇ ਕਾਲਕ੍ਰਮਾਂ ਵਿਚ ਵੀ ਬਹੁਤ ਫ਼ਰਕ ਹੈ। ਪਰ ਰਸੂਲਾਂ ਦੇ ਕੰਮ ਦੀ ਕਿਤਾਬ ਦੇ ਪਿਛਲੇ ਭਾਗ ਦੀ ਮਿਤੀ ਬਾਰੇ ਜ਼ਿਆਦਾਤਰ ਰੂੜੀਵਾਦੀ ਵਿਦਵਾਨਾਂ ਵਿਚ ਬਹੁਤ ਘੱਟ ਮਤਭੇਦ ਹਨ, ਕਿਉਂਕਿ ਰਸੂਲਾਂ ਦੇ ਕੰਮ ਦੇ ਇਤਿਹਾਸ ਵਿਚ ਕਈ ਬਾਈਬਲ ਤੋਂ ਬਾਹਰ ਦੀਆਂ ਮਿਤੀਆਂ ਨੂੰ ਜੋੜਿਆ ਜਾ ਸਕਦਾ ਹੈ।

1. ਪਹਿਲਾ ਪੈਂਟੀਕਾਸਟ, 30.[1]
2. ਯਰੂਸ਼ਲਮ ਦੀ ਕਲੀਸੀਆ ਦਾ ਵਧਣਾ ਅਤੇ ਯਰੂਸ਼ਲਮ ਦੇ ਬਾਹਰ ਇੰਜੀਲ ਦੇ ਪ੍ਰਚਾਰ ਦੀ ਸ਼ੁਰੂਆਤ (ਸਾਮਰੀ ਲੋਕ, ਕਲੀਸੀਆ), 33/34.
3. ਸੌਲੁਸ ਦੀ ਮਨਬਦਲੀ, 34/35.
4. ਦਮਿਸ਼ਕ ਵਿਚ ਸੌਲੁਸ ਦੀ ਸਫ਼ਾਈ, 37.
5. ਯਰੂਸ਼ਲਮ ਤੋਂ ਬਾਹਰ ਇੰਜੀਲ ਦਾ ਪ੍ਰਚਾਰ ਜਾਰੀ ਰਹਿਣਾ (ਕੁਰਨੇਲਿਉਸ ਦੀ ਮਨਬਦਲੀ, ਅੰਤਾਕੀਆ ਵਿਚ ਕਲੀਸੀਆ ਬਣਨਾ), 34-43.
6. ਯਾਕੂਬ ਦੀ ਮੌਤ, ਪਤਰਸ ਦਾ ਮੋਅਜਜ਼ੇ ਰਾਹੀਂ ਕੈਦ ਵਿੱਚੋਂ ਛੁੱਟਣਾ ਅਤੇ ਰਾਜਾ ਹੈਰੋਦੇਸ ਅਗ੍ਰਿੱਪਾ ਪਹਿਲੇ ਦੇ ਮੌਤ, 44.
7. ਯਰੂਸ਼ਲਮ ਲਈ ਅਕਾਲ ਰਾਹਤ, 46.
8. ਪੌਲੁਸ ਦੀ ਪਹਿਲੀ ਮਿਸ਼ਨਰੀ ਯਾਤਰਾ, 46-48.
9. ਯਰੂਸ਼ਲਮ ਦੀ ਕਾਨਫ਼ਰੰਸ, 49.

   *ਗਲਾਤੀਆਂ ਦੀ ਪੱਤਰੀ ਲਿਖੀ ਗਈ 48/49?*

10. ਯਹੂਦੀਆ ਨੂੰ ਰੋਮ ’ਚੋਂ ਕੱਢਿਆ ਗਿਆ, 49.
11. ਪੌਲੁਸ ਦੀ ਦੂਜੀ ਮਿਸ਼ਨਰੀ ਯਾਤਰਾ, 49-52.

    *1 ਥੱਸਲੁਨੀਕੀਆਂ ਕੁਰਿੰਥੁਸ ਤੋਂ ਲਿਖੀ ਗਈ, 50.*
    *2 ਥੱਸਲੁਨੀਕੀਆਂ ਕੁਰਿੰਥੁਸ ਤੋਂ ਲਿਖੀ ਗਈ, 50/51.*

12. ਪੌਲੁਸ ਦੀ ਤੀਜੀ ਮਿਸ਼ਨਰੀ ਯਾਤਰਾ ਅਤੇ ਯਰੂਸ਼ਲਮ ਨੂੰ ਜਾਣਾ, 52-57.

    *(ਕੁਝ ਲੋਕ ਗਲਾਤੀਆਂ ਦੀ ਪੱਤਰੀ ਲਿਖੇ ਜਾਣ ਦਾ ਸਮਾਂ ਇਸ ਤਰ੍ਹਾਂ ਦੱਸਦੇ ਹਨ।)*
    *1 ਕੁਰਿੰਥੀਆਂ ਅਫ਼ਸੁਸ ਤੋਂ ਲਿਖੀ ਗਈ, 54/55.*

*2 ਕੁਰਿੰਥੀਆਂ ਮਕਦੂਨੀਆ ਤੋਂ ਲਿਖੀ ਗਈ, 55/56.*
*ਰੋਮੀਆਂ ਦੀ ਪੱਤਰੀ ਕੁਰਿੰਥੁਸ ਤੋਂ ਲਿਖੀ ਗਈ, 56.*

13. ਯਰੂਸ਼ਲਮ ਵਿਚ ਪੌਲੁਸ ਦੀ ਗ੍ਰਿਫ਼ਤਾਰੀ ਅਤੇ ਯਰੂਸ਼ਲਮ ਅਤੇ ਕੈਸਰੀਆ ਵਿਚ ਕੈਦ, 57-59.
14. ਪੌਲੁਸ ਦਾ ਰੋਮ ਵਿਚ ਜਾਣਾ, 59-60.
15. ਰੋਮ ਵਿਚ ਪੌਲੁਸ ਦੀ ਪਹਿਲੀ ਕੈਦ, 60-62.

*ਅਫ਼ਸੀਆਂ ਦੀ ਪੱਤਰੀ ਰੋਮ ਤੋਂ ਲਿਖੀ ਗਈ।*
*ਕੁਲੁੱਸੀਆਂ ਦੀ ਪੱਤਰੀ ਰੋਮ ਤੋਂ ਲਿਖੀ ਗਈ।*
*ਫਿਲੇਮੋਨ ਦੀ ਪੱਤਰੀ ਰੋਮ ਤੋਂ ਲਿਖੀ ਗਈ।*
*ਫ਼ਿਲਿੱਪੀਆਂ ਦੀ ਪੱਤਰੀ ਰੋਮ ਤੋਂ ਲਿਖੀ ਗਈ।*

**- ਰਸੂਲਾਂ ਦੇ ਕੰਮ ਦੀ ਕਿਤਾਬ ਇੱਥੇ ਖ਼ਤਮ ਹੁੰਦੀ ਹੈ-**

16. ਪੌਲੁਸ ਦਾ ਕੈਦ ਤੋਂ ਛੁੱਟਣਾ ਅਤੇ (ਸਪੇਨ ਅਤੇ ਹੋਰ ਥਾਂਵਾਂ ਲਈ) ਹੋਰ ਯਾਤਰਾਵਾਂ, 63-66 (?)।

*1 ਤਿਮੋਥਿਉਸ ਮਕਦੂਨੀਆ ਤੋਂ ਲਿਖੀ ਗਈ, 64/65* (?)।
*ਤੀਤੁਸ ਮਕਦੂਨੀਆ ਤੋਂ ਲਿਖੀ ਗਈ, 65/66* (?)।

17. ਪੌਲੁਸ ਦੀ ਦੂਜੀ ਗ੍ਰਿਫ਼ਤਾਰੀ ਅਤੇ ਉਸ ਦਾ ਕਤਲ, 66/67 (?)।

*2 ਤਿਮੋਥਿਉਸ ਰੋਮ ਤੋਂ ਲਿਖੀ ਗਈ, 66/67* (?)।

---
ਟਿੱਪਣੀ

[1]ਅਰੰਭਿਕ ਟੀਕਾਕਾਰ ਰਸੂਲਾਂ ਦੇ ਕੰਮ 2 ਦੀਆਂ ਘਟਨਾਂਵਾਂ ਨੂੰ 33 ਜਾਂ 34 ਈ: ਵਿਚ ਹੋਈਆ ਦੱਸਦੇ ਸਨ। ਹੁਣ ਆਮ ਤੌਰ ਤੇ ਇਹ ਮੰਨਿਆ ਜਾਣ ਲੱਗਾ ਹੈ ਕਿ ਯਿਸੂ ਦੇ ਜਨਮ ਦੀ ਤਰੀਕ ਨਿਰਧਾਰਤ ਕਰਨ ਲੱਗਿਆਂ, ਲੋਕਾਂ ਨੇ ਗਿਣਤੀ ਗਲਤ ਕੀਤੀ ਸੀ। ਆਪਣੇ ਹਵਾਲੇ ਲਈ ਉਹ ਕਈ ਸਾਲ ਪਹਿਲਾਂ ਹੋਈ ਉਸ ਮਰਦਮਸ਼ੁਮਾਰੀ ਦੀ ਗੱਲ ਕਰਦੇ ਸਨ ਜਿਸ ਕਰਕੇ ਯੂਸ਼ਫ ਅਤੇ ਮਰੀਅਮ ਨੂੰ ਬੈਤਲਹਮ ਵਿਚ ਜਾਣਾ ਪਿਆ ਸੀ। ਨਤੀਜੇ ਵੱਜੋ, ਸਾਡੇ ਕੈਲੰਡਰਾਂ ਵਿਚ ਤਿੰਨ ਜਾਂ ਚਾਰ ਸਾਲ ਦਾ ਫ਼ਰਕ ਹੈ। ਪਹਿਲਾ ਪੈਂਟੀਕਾਸਟ ਯਿਸੂ ਦੇ ਜਨਮ ਤੋਂ ਲਗਭਗ 33 ਸਾਲ ਬਾਅਦ ਹੋਇਆ, ਪਰ ਉਸ ਗਲਤੀ ਕਾਰਣ, ਸਾਡੇ ਕੈਲੰਡਰਾਂ ਦੇ ਮੁਤਾਬਕ ਉਹ ਤਰੀਕ ਲਗਭਗ 30 ਈਸਵੀ ਸੀ।